# ਸਟਰੋਕ ਹੋਣ ਦੀ ਸੂਰਤ ਵਿੱਚ ਤੁਹਾਡੀ ਦੇਖਭਾਲ ਦੌਰਾਨ ਹਸਪਤਾਲ ਬਦਲਣੇ



## ਮੈਨੂੰ ਹਸਪਤਾਲਾਂ ਵਿੱਚ ਕਿਉਂ ਬਦਲਿਆ ਜਾ ਰਿਹਾ ਹੈ?

- **ਸਟਰੋਕ ਦੀ ਦੇਖਭਾਲ ਵਿਸ਼ੇਸ਼ ਹੁੰਦੀ ਹੈ** ਅਤੇ ਇਹ ਯਕੀਨੀ ਬਣਾਉਣ ਲਈ ਕਿ ਤੁਹਾਨੂੰ ਸਭ ਤੋਂ ਵਧੀਆ ਨਤੀਜਾ ਮਿਲੇ ਇਹ ਦੇਖਭਾਲ ਕੁਝ ਹਸਪਤਾਲਾਂ ਵਿੱਚ ਪਰਦਾਨ ਕੀਤੀ ਜਾਂਦੀ ਹੈ।
- ਜੇ ਇਹ ਅੰਦੇਸ਼ਾ ਹੋਵੇ ਕਿ ਤੁਹਾਨੂੰ ਸਟਰੋਕ ਹੋ ਰਿਹਾ ਹੈ, ਤਾਂ **ਐਮਰਜੈਂਸੀ ਮੁਲਾਂਕਣ** ਅਤੇ **ਇਲਾਜ ਲਈ** ਤੁਹਾਨੂੰ ਰੀਜਨਲ ਸਟਰੋਕ ਸੈਂਟਰ (ਆਰਐੱਸਸੀ) ਲੈ ਜਾਣ ਲਈ ਹਸਪਤਾਲ ਅਤੇ ਪੈਰਾਮੈਡਿਕਸ ਮਿਲ ਕੇ ਕੰਮ ਕਰਦੇ ਹਨ:
  - ਪੈਰਾਮੈਡਿਕਸ ਤੁਹਾਨੂ ਸਿੱਧੇ ਆਰਐੱਸਸੀ ਵਿਖੇ ਲਿਜਾ ਸਕਦੇ ਹਨ ਜਾਂ,
  - ਜੇ ਕਿਸੇ ਹੋਰ ਹਸਪਤਾਲ ਵਿੱਚ ਹੋਵੋਂ, ਤੁਹਾਨੂੰ ਆਰਐੱਸਸੀ ਵਿਖੇ ਬਦਲਿਆ ਜਾ ਸਕਦਾ ਹੈ।



## ਰੀਜਨਲ ਸਟਰੋਕ ਸੈਂਟਰ ਕੀ ਹੈ?

- ਅਤੀ ਅਵੱਸ਼ਕ ਦੇਖਭਾਲ ਕਰਨ ਵਾਲਾ ਇੱਕ ਹਸਪਤਾਲ ਜੋ ਸਟਰੋਕ ਦਾ ਇਲਾਜ ਜਲਦੀ ਨਾਲ ਕਰਨ ਲਈ 24-ਘੰਟੇ ਮਾਹਰ **ਐਮਰਜੈਂਸੀ ਸੇਵਾਵਾਂ** ਪਰਦਾਨ ਕਰਦਾ ਹੈ।
  - ਇੱਥੇ ਵਿਸ਼ੇਸ਼ ਮੁਲਾਂਕਣ, ਦਵਾਈ ਅਤੇ ਪ੍ਰੀਕਿਰਿਆਵਾਂ ਹੁੰਦੀਆਂ ਹਨ ਜਿੰਨ੍ਹਾਂ ਦੀ ਵਰਤੋਂ ਲੋੜ ਪੈਣ ’ਤੇ ਕੀਤੀ ਜਾ ਸਕਦੀ ਹੈ।
  - ਇਹ ਸੇਵਾਵਾਂ **ਜਾਨ ਬਚਾਉਣ** ਜਾਂ ਸਟਰੋਕ ਦੇ ਅਸਰਾਂ ਨੂੰ ਘਟਾਉਣ ਵਾਲੀਆਂ ਹੋ ਸਕਦੀਆਂ।



## ਹੁਣ ਤੁਹਾਨੂੰ ਰੀਜਨਲ ਸਟਰੋਕ ਸੈਂਟਰ ਦੀਆਂ ਸੇਵਾਵਾਂ ਦੀ ਲੋੜ ਨਹੀਂ ਹੈ, ਤਾਂ ਅੱਗੇ ਕੀ ਹੈ?

- ਜੇ ਤੁਹਾਨੂੰ **ਸਟਰੋਕ ਹੋਇਆ ਸੀ,** ਤੁਹਾਨੂੰ ਤੁਹਾਡੇ ਘਰ ਦੇ ਸਭ ਤੋਂ ਨੇੜੇ ਸਟਰੋਕ ਦੀ ਦੇਖਭਾਲ ਕਰਨ ਵਾਲੇ ਯੂਨਿਟ ਵਾਲੇ ਹਸਪਤਾਲ ਵਿੱਚ ਬਦਲਿਆ ਜਾ ਸਕਦਾ ਹੈ ਜਿੱਥੇ ਤੁਹਾਨੂੰ ਵਿਸ਼ੇਸ਼ ਦੇਖਭਾਲ ਮਿਲਦੀ ਰਹੇਗੀ।
- ਜੇ ਤੁਹਾਨੂੰ **ਸਟਰੋਕ ਨਹੀਂ ਹੋਇਆ ਸੀ,** ਤਾਂ ਤੁਹਾਨੂੰ ਘਰ ਭੇਜ ਦਿੱਤਾ ਜਾਵੇਗਾ ਜਾਂ ਤੁਹਾਡੇ ਘਰ ਦੇ ਨੇੜੇ ਵਾਲੇ ਹਸਪਤਾਲ ਵਿੱਚ ਬਦਲ ਦਿੱਤਾ ਜਾਵੇਗਾ ਜੋ ਤੁਹਾਨੂੰ ਲੋੜੀਂਦੀ ਦੇਖਭਾਲ ਪਰਦਾਨ ਕਰਦਾ ਹੈ।

## ਇਹ ਕਿਉਂ ਮਹੱਤਵਪੂਰਨ ਹੈ?

- ਤੁਹਾਨੂੰ ਅਜਿਹੇ ਹਸਪਤਾਲ ਵਿੱਚ ਭੇਜਦਾ ਹੈ ਜੋ ਤੁਹਾਨੂੰ ਘਰ ਦੇ ਨੇੜੇ **ਲੋੜੀਂਦੀ ਦੇਖਭਾਲ** ਪਰਦਾਨ ਕਰ ਸਕਦਾ ਹੈ।
- ਇਹ ਯਕੀਨੀ ਬਣਾਉਂਦਾ ਹੈ ਕਿ ਰੀਜਨਲ ਸਟਰੋਕ ਸੈਂਟਰ ਐਮਰਜੈਂਸੀ ਸਟਰੋਕ ਦੇਖਭਾਲ ਦੀ ਜ਼ਰੂਰਤ ਵਾਲੇ ਹੋਰ ਲੋਕਾਂ ਲਈ ਉਪਲਬਧ ਰਹੇ।

ਆਪਣੀ ਦੇਖਭਾਲ ਵਾਸਤੇ ਸਾਡੇ ਉੱਪਰ ਭਰੋਸਾ ਕਰਨ ਲਈ ਤੁਹਾਡਾ ਧੰਨਵਾਦ। ਜੇ ਤੁਹਾਡੇ ਕੋਈ ਪ੍ਰਸ਼ਨ ਹੋਣ, ਕਿਰਪਾ ਕਰਕੇ ਆਪਣੀ ਸਿਹਤ ਸੰਭਾਲ ਟੀਮ ਨਾਲ ਗੱਲ ਕਰੋ।

Toronto Stroke Networks
• Leadership • Innovation • Collaboration
Punjabi Translation